(Due to 3 students traveling to INDIA )

3rd Grade Mid Term Exam Dates

| JAN 19th | JAN 20th |
| --- | --- |
| Time:4:00pm-6:00pm | Time : 9:00am -11:00am |
| Grammar & History Questions Exam | Virsa,Reading And Paath exam |

Any Question or Concerns you may have

**Please contact 3rd grade teachers**

**Via: text, call or e-mail.**

We will be happy to assist you.

Thank You for your cooperation

In this matter

Student must know the topics below along with their definitions.

੧. **ਮੌਖਿਕ ਭਾਸ਼ਾ (ਬੋਲਚਾਲ):** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਬੋਲ ਕੇ ਜਾਂ ਗਲ ਕਰਕੇ ਪ੍ਰਗਟ ਕਰਦੇ ਹਾਂ।
੨. **ਲਿਖਤੀ ਭਾਸ਼ਾ:** ਜਦੋਂ ਅਸੀਂ ਆਪਣੇ ਭਾਵ ਜਾਂ ਵਿਚਾਰ ਲਿਖ ਕੇ ਜਾਂ ਪੜ੍ਹ ਕੇ ਪ੍ਰਗਟ ਕਰਦੇ ਹਾਂ।
੩. **ਮਾਤ ਭਾਸ਼ਾ:** ਬੱਚੇ ਦੀ ਉਹ ਬੋਲੀ ਜੋ ਉਸ ਨੂੰ ਮਾਤਾ ਪਿਤਾ ਕੋਲੋਂ ਵਿਰਸੇ ਵਿੱਚ ਮਿਲਦੀ ਹੈ।
੪. **ਲਿੱਪੀ:** ਲਿੱਪੀ ਸ਼ਬਦ ਦਾ ਅਰਥ ਹੈ ਲਿੱਖਣਾ, ਭਾਵ ਚਿਤਰਨ ਕਰਨਾ। ਜਦੋਂ ਅਸੀਂ ਬੋਲਦੇ ਹਾਂ ਤਾਂ ਸਾਡੇ ਮੂੰਹ ਵਿੱਚੋਂ ਨਿਕਲਦੀਆਂ ਆਵਾਜ਼ਾਂ ਨੂੰ ਲਿੱਖਣ ਲਈ ਕੁਝ ਚਿੰਨ ਹੁੰਦੇ ਹਨ। ਹਰ ਵੱਖਰੀ ਅਵਾਜ਼ ਨੂੰ ਬੋਲਣ ਲਈ ਵੱਖਰੇ ਵੱਖਰੇ ਚਿੰਨ ਹਨ। ਉਹਨ੍ਹਾਂ ਚਿੰਨਾਂ ਨੂੰ ਲਿੱਪੀ ਕਿਹਾ ਜਾਂਦਾ ਹੈ। ਪੰਜਾਬੀ ਭਾਸ਼ਾ ਦੀ ਲਿੱਪੀ ਗੁਰਮੁਖੀ ਹੈ। ਗੁਰਮੁਖੀ ਸਾਨੂੰ ਗੁਰੂ ਅੰਗਦ ਦੇਵ ਜੀ ਦੀ ਦੇਣ ਹੈ।
੫. ਕਿਸੇ ਬੋਲੀ ਨੂੰ ਲਿੱਖਤ ਰੂਪ ਦੇਣ ਲਈ ਜਹਿੜੇ ਚਿੰਨ ਵਰਤੇ ਜਾਂਦੇ ਹਨ, ਉਸ ਨੂੰ ਲਿਪੀ ਕਿਹਾ ਜਾਂਦਾ ਹੈ
੬. ਪੰਜਾਬੀ ਭਾਸ਼ਾ ਦੀ ਲਿੱਪੀ ਗੁਰਮੁਖੀ ਹੈ
੭. ਲਿੱਪੀ ਦੇ ੪੦ ਅੱਖਰ ਹਨ
੮. ਗੁਰਮੁਖੀ ਲਿੱਪੀ ਗੁਰੁ ਅੰਗਦ ਦੇਵ ਜੀ ਦੀ ਦੇਨਣ ਹੈ
੯. **ਵਿਆਕਰਣ ਦੀ ਪਰਿਭਾਸ਼ਾ**- ਭਾਸ਼ਾ ਨੂੰ ਸ਼ੁਧ ਰੂਪ ਵਿੱਚ ਠੀਕ-ਠੀਕ ਲਿੱਖਣ ਲਈ ਨਿਯਮ ਬਣਾਏ ਗਏ ਹਨ, ਉਹਨਾਂ ਨਿਯਮਾਂ ਦੇ ਸਮੂਹ ਨੂੰ ਵਿਆਕਰਣ ਆਖਦੇ ਹਨ।
   a. **ਵਰਣ ਜਾਂ ਅੱਖਰ ਬੋਧ** – ਜਿਸ ਵਿੱਚ ਅੱਖਰਾਂ ਦੇ ਉਚਾਰਨ, ਲਗਾਂ-ਮਾਤਰਾਂ, ਲਗਾਖਰਾਂ, ਅਤੇ ਸ਼ਬਦ ਜੋੜਾਂ ਦੇ ਨਿਯਮਾਂ ਬਾਰੇ ਜਾਣਕਾਰੀ ਮਿਲਦੀ ਹੈ।
   b. **ਸ਼ਬਦ ਬੋਧ** – ਜਿਸ ਵਿੱਚ ਸ਼ਬਦ ਭੇਦ, ਸ਼ਬਦਾਂ ਦੀ ਰਚਨਾ, ਅਤੇ ਸ਼ਬਦਾਂ ਦੇ ਰੂਪ ਬਾਰੇ ਜਾਣਕਾਰੀ ਦਿੱਤੀ ਹੁੰਦੀ ਹੈ।
   c. **ਵਾਕ ਬੋਧ** – ਜਿਸ ਵਿੱਚ ਵਾਕ ਰਚਨਾ, ਵਾਕ ਵੰਡ, ਵਾਕ ਵਟਾਂਦਰਾ, ਵਿਸ਼ਰਾਮ ਚਿੰਨ੍ਹ ਆਦਿ ਬਾਰੇ ਜਾਣਕਾਰੀ
੧੦. **ਸ਼ਬਦ:** ਧਦੋ ਜਾਂ ਦੋ ਤੋਂ ਵੱਧ ਅੱਖਰਾਂ ਦੇ ਸਮੂਹ ਨੂੰ ਸ਼ਬਦ ਆਖਦੇ ਹਨ। ਜਿਵੇਂ : ਤਰ = ਤ+ਰ, ਕਮਲ = ਕ+ਮ+ਲ
੧੧. ਸ਼ਬਦ **ਦੋ** ਪ੍ਰਕਾਰ ਦੇ ਹੁੰਦੇ ਹਨ-
   **ਸਾਰਥਕ ਸ਼ਬਦ** : ਉਹ ਸ਼ਬਦ ਹੈ ਜਿਸ ਦੇ ਕੁਝ ਅਰਥ ਨਿਕਲਣ, ਜਿਵੇਂ – ਰੋਟੀ, ਪਾਣੀ, ਚਾਹ। **ਨਿਰਾਰਥਕ ਸ਼ਬਦ:** ਉਹ ਸ਼ਬਦ ਹੈ ਜਿਸਦਾ ਕੋਈ ਅਰਥ ਨਹੀਂ ਨਿਕਲਦਾ। ਜਿਵੇਂ – ਰੂਟੀ, ਧਾਣੀ, ਚੂਹ।
੧੨. **ਨਾਂਵ:** ਕਿਸੇ ਵਿਅਕਤੀ, ਸਥਾਨ, ਵਸਤੂ ਜਾਂ ਭਾਵ ਨੂੰ ਨਾਂਵ ਕਹਿੰਦੇ ਹਨ ।
   a. ਉਦਾਹਰਣ: ਹਰਜੋਤ, ਮੱਝ, ਅਨੰਦਪੁਰ, ਪਿਆਰ, ਦੁੱਧ, ਪਰਸ਼ਾਦਾ
੧੩. **ਆਮ ਨਾਂਵ:** ਕਿਸੇ ਇਕ ਕਿਸਮ ਦੇ ਵਿਅਕਤੀ ਜਾਂ ਚੀਜ ਦੇ ਨਾਮ ਨੂੰ ਆਮ ਨਾਂਵ ਕਹਿੰਦੇ ਹਨ।
   a. ਉਦਾਹਰਣ: ਆਦਮੀ, ਔਰਤ, ਫ਼ਲ, ਜਾਨਵਰ
੧੪. **ਖਾਸ ਨਾਂਵ:** ਕਿਸੇ ਖਾਸ ਵਿਅਕਤੀ ਜਾਂ ਥਾਂ ਦੇ ਨਾਮ ਨੂੰ ਖਾਸ ਨਾਂਵ ਕਹਿੰਦੇ ਹਨ।
   a. ਉਦਾਹਰਣ: ਸੁਬੇਗ, ਮਿਸ਼ੀਗਨ, ਅੰਬ, ਸ਼ੇਰ
੧੫. **ਇਕੱਠਵਾਚਕ ਨਾਂਵ:** ਵਿਅਕਤੀਆਂ ਜਾਂ ਚੀਜਾਂ ਦੇ ਵਰਗ ਦੇ ਨਾਮ ਨੂੰ ਇਕੱਠਵਾਚਕ ਨਾਂਵ ਕਹਿੰਦੇ ਹਨ।
   a. ਉਦਾਹਰਣ: ਖਾਲਸਾ ਪੰਥ, ਮਿਸਲ, ਜੱਥਾ, ਗੁੱਛਾ, ਢੇਰ
੧੬. **ਵਸਤੂਵਾਚਕ ਨਾਂਵ:** ਕਿਸੇ ਵੀ ਚੀਜ ਦੇ ਨਾਮ ਨੂੰ, ਜੋ ਮਾਪੀ ਜਾਂ ਤੋਲੀ ਜਾ ਸਕੇ, ਉਸਨੂੰ ਵਸਤੂਵਾਚਕ ਨਾਂਵ ਕਹਿੰਦੇ ਹਨ।
   a. ਉਦਾਹਰਣ: ਕਣਕ, ਕਿਤਾਬ, ਕੱਪੜਾ, ਦੁਧ, ਤੇਲ

੧੭. **ਭਾਵਵਾਚਕ ਨਾਂਵ:** ਕਿਸੇ ਖਾਸ ਗੁਣ, ਕਿਰਿਆ, ਜਾਂ ਅਵਸਥਾ ਨੂੰ ਭਾਵਵਾਚਕ ਨਾਂਵ ਕਹਿੰਦੇ ਹਨ।

a. ਉਦਾਹਰਣ: ਬਹਾਦਰੀ, ਮਿਠਾਸ, ਸੱਚ, ਕੁੜੱਤਣ, ਬੁਢਾਪਾ

Students must know these three essay topics: **ਮੇਰਾ ਮਿਤੱਰ**, **ਮੇਰਾ** ਘਰ, **ਅਤੇ ਬਿੱਲੀ.** In addition to being familiar with the essay topics, student must be able to write a **three-paragraph essay (7-9 sentences).**

## 7. ਮੇਰਾ ਮਿੱਤਰ

ਮੇਰੇ ਮਿੱਤਰ ਤਾਂ ਕਈ ਹਨ ਪਰ ਅੰਮ੍ਰਿਤ ਪਾਲ ਮੇਰਾ ਗੂੜ੍ਹਾ ਮਿੱਤਰ ਹੈ। ਉਹ ਪਹਿਲੀ ਸ਼੍ਰੇਣੀ ਤੋਂ ਹੀ ਮੇਰੇ ਨਾਲ ਪੜ੍ਹਦਾ ਰਿਹਾ ਹੈ ਅਤੇ ਗਵਾਂਢੀ ਵੀ ਹੈ। ਉਸ ਦੇ ਪਿਤਾ ਜੀ ਕਲਰਕ ਹਨ। ਉਹ ਇਕ ਛੋਟੇ ਜਿਹੇ ਮਕਾਨ ਵਿਚ ਰਹਿੰਦਾ ਹੈ।

ਪੜ੍ਹਾਈ ਵਿਚ ਉਹ ਬਹੁਤ ਹੁਸ਼ਿਆਰ ਹੈ। ਇਸੇ ਕਰਕੇ ਉਹ ਜਮਾਤ ਦਾ ਮਾਨੀਟਰ ਵੀ ਹੈ। ਉਹ ਸਮੇਂ ਦਾ ਬੜਾ ਪਾਬੰਦ ਹੈ। ਕਦੀ ਵੀ ਸਕੂਲ ਦੇਰ ਨਾਲ ਨਹੀਂ ਆਉਂਦਾ। ਉਸ ਦੀਆਂ ਆਦਤਾਂ ਚੰਗੀਆਂ ਹਨ ਅਤੇ ਸਾਰੇ ਵਿਦਿਆਰਥੀ ਉਸ ਨਾਲ ਪਿਆਰ ਕਰਦੇ ਹਨ। ਉਹ ਸਾਦਾ ਤੇ ਸਾਫ਼-ਸੁਥਰੇ ਕੱਪੜੇ ਪਾਉਂਦਾ ਹੈ।

ਉਹ ਚੰਗੀ ਸਿਹਤ ਦਾ ਮਾਲਕ ਹੈ। ਸਵੇਰੇ ਸ਼ਾਮ ਹਰ ਰੋਜ਼ ਸੈਰ ਕਰਦਾ ਹੈ। ਸ਼ਾਮ ਨੂੰ ਨਿਯਮ ਨਾਲ ਖੇਡਾਂ ਵਿਚ ਵੀ ਹਿੱਸਾ ਲੈਂਦਾ ਹੈ। ਅਸੀਂ ਦੋਵੇਂ ਕ੍ਰਿਕਟ ਦੀ ਖੇਡ ਵਿਚ ਹਿੱਸਾ ਲੈਂਦੇ ਹਾਂ।

ਉਹ ਵੱਡਿਆਂ ਦਾ ਅਤੇ ਅਧਿਆਪਕਾਂ ਦਾ ਬੜਾ ਆਦਰ ਕਰਦਾ ਹੈ। ਮਿੱਠਾ ਬੋਲਦਾ ਹੈ ਅਤੇ ਨਿਰਮਾਣ ਹੈ ਪਰ ਉਹ ਸੱਚੀ ਗੱਲ ਮੂੰਹ 'ਤੇ ਕਹਿ ਦਿੰਦਾ ਹੈ। ਉਹ ਸਭ ਸਾਥੀਆਂ ਨਾਲ ਹਮਦਰਦੀ ਕਰਦਾ ਹੈ।

ਮੈਨੂੰ ਇਹੋ-ਜਿਹੇ ਸਾਊ ਮਿੱਤਰ 'ਤੇ ਬਹੁਤ ਮਾਣ ਹੈ।

## 8 . ਮੇਰਾ ਘਰ

ਮੈਂ ਜਲੰਧਰ ਰਹਿੰਦਾ ਹਾਂ। ਮਾਡਲ ਟਾਊਨ ਵਿਚ ਮੇਰਾ ਘਰ ਹੈ। ਇਹ ਪੱਕਾ ਬਣਿਆ ਹੋਇਆ ਹੈ। ਇਹ ਬਹੁਤ ਵੱਡਾ ਤਾਂ ਨਹੀਂ ਪਰ ਗੁਜ਼ਾਰੇ ਲਈ ਕਾਫ਼ੀ ਹੈ। ਇਸ ਦੇ ਕੁੱਲ ਪੰਜ ਕਮਰੇ ਹਨ।

ਬੈਠਕ ਖੁੱਲ੍ਹੀ, ਹਵਾਦਾਰ ਤੇ ਸਾਫ਼ ਹੈ। ਇਸ ਦੇ ਗਲੀ ਵਾਲੇ ਪਾਸੇ ਦੋ ਬਾਰੀਆਂ ਹਨ ਜੋ ਹਵਾ ਤੇ ਚਾਨਣ ਲਈ ਕਾਫ਼ੀ ਹਨ। ਇਕ ਰਸੋਈ ਘਰ ਹੈ। ਨਾਲ ਹੀ ਗੁਸਲਖ਼ਾਨਾ ਹੈ ਜਿਸ ਵਿਚ ਨਲਕਾ ਲੱਗਾ ਹੋਇਆ ਹੈ। ਗੁਸਲਖ਼ਾਨੇ ਦੇ ਪਿਛਲੇ ਪਾਸਿਓਂ ਕੋਠੇ 'ਤੇ ਚੜ੍ਹਨ ਲਈ ਪੌੜੀਆਂ ਹਨ।



ਸਾਮਾਨ ਰੱਖਣ ਲਈ ਸਟੋਰ ਹੈ। ਇਕ ਕਮਰੇ ਵਿਚ ਮੇਰੇ ਪਿਤਾ ਜੀ ਤੇ ਮਾਤਾ ਜੀ ਸੌਂਦੇ ਹਨ, ਦੂਜੇ ਕਮਰੇ ਵਿਚ ਮੈਂ ਤੇ ਮੇਰੀ ਛੋਟੀ ਭੈਣ ਸੌਂਦੇ ਹਾਂ। ਛੋਟੇ ਜਿਹੇ ਪਰਿਵਾਰ ਦਾ ਸਾਡੇ ਇਸ ਮਕਾਨ ਵਿਚ ਸੁਹਣਾ ਗੁਜ਼ਾਰਾ ਹੋ ਰਿਹਾ ਹੈ।

ਵਿਹੜੇ ਵਿਚ ਇਕ ਨਿੱਕੀ ਜਿਹੀ ਬਗ਼ੀਚੀ ਲਾਈ ਹੋਈ ਹੈ। ਮੈਨੂੰ ਫੁੱਲਾਂ ਨਾਲ ਬੜਾ ਪਿਆਰ ਹੈ। ਛੱਤ ਦੇ ਉੱਪਰ ਇਕ ਛੋਟਾ ਜਿਹਾ ਕਮਰਾ ਹੈ ਜਿਸ ਵਿਚ ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੈ।

## 18 . ਬਿੱਲੀ

ਬਿੱਲੀ ਦੁਨੀਆ ਦੇ ਲਗਪਗ ਹਰ ਦੇਸ਼ ਵਿਚ ਮਿਲਦੀ ਹੈ। ਬਿੱਲੀ ਸ਼ੇਰ ਦੇ ਪਰਿਵਾਰ ਨਾਲ ਸੰਬੰਧ ਰੱਖਦੀ ਹੈ। ਦਿੱਸਣ ਨੂੰ ਇਹ ਬੜੀ ਮਸਕੀਨ ਹੁੰਦੀ ਹੈ। ਘਰਾਂ ਵਿਚ ਪਾਲਤੂ ਬਿੱਲੀ ਬੜੀ ਪਿਆਰੀ ਲੱਗਦੀ ਹੈ ਅਤੇ ਬੱਚੇ ਇਸ ਨਾਲ ਖੇਡ ਕੇ ਖ਼ੁਸ਼ ਹੁੰਦੇ ਹਨ। ਆਪਣੀ ਪੂਛ ਹਿਲਾ ਕੇ ਮਾਲਕ ਨਾਲ ਪਿਆਰ ਪ੍ਰਗਟ ਕਰਦੀ ਹੈ।

ਇਹ ਇਕ ਚਾਰ ਪੈਰਾਂ ਵਾਲਾ ਜਾਨਵਰ ਹੈ। ਇਸ ਦਾ ਕੱਦ ਛੋਟਾ ਜਿਹਾ ਹੁੰਦਾ ਹੈ। ਇਸ ਦੀਆਂ ਲੱਤਾਂ ਛੋਟੀਆਂ ਹੁੰਦੀਆਂ ਹਨ ਪਰ ਪੂਛ ਜ਼ਰਾ ਲੰਮੀ ਹੁੰਦੀ ਹੈ। ਇਸ ਦੀਆਂ ਅੱਖਾਂ ਬੜੀਆਂ ਚਮਕਦਾਰ ਹੁੰਦੀਆਂ ਹਨ। ਇਸ ਨੂੰ ਹਨੇਰੇ ਵਿਚ ਚੰਗੀ ਤਰ੍ਹਾਂ ਦਿਸਦਾ ਹੈ। ਇਸ ਦੇ ਦੰਦ ਬੜੇ ਤੇਜ਼ ਹੁੰਦੇ ਹਨ। ਇਸ ਦੇ ਪੈਰ. ਸ਼ੇਰ ਵਾਂਗੂ ਗੱਦੀਦਾਰ ਹੁੰਦੇ ਹਨ।

ਬਿੱਲੀਆਂ ਕਈ ਰੰਗਾਂ ਦੀਆਂ ਹੁੰਦੀਆਂ ਹਨ—ਕੁਝ ਚਿੱਟੀਆਂ, ਕੁਝ ਕਾਲੀਆਂ, ਕੁਝ ਭੂਰੀਆਂ ਤੇ ਕੁਝ ਡਬਖੜੱਬੀਆਂ। ਇਹਨਾਂ ਦੇ ਪਿੰਡੇ ਦੇ ਵਾਲ ਕੂਲੇ ਹੁੰਦੇ ਹਨ।



ਬਿੱਲੀ ਚੂਹੇ ਖਾਂਦੀ ਹੈ। ਚੂਹੇ ਇਸ ਦਾ ਮਨ-ਪਸੰਦ ਭੋਜਨ ਹੈ। ਬਿੱਲੀਆਂ ਦੁੱਧ ਤੇ ਦਹੀਂ ਵੀ ਚਾਅ ਨਾਲ ਖਾਂਦੀਆਂ ਹਨ। ਮੱਖਣ ਵੀ ਇਹਨਾਂ ਨੂੰ ਬਹੁਤ ਪਸੰਦ ਹੈ।

ਬਿੱਲੀ ਚੰਗਾ ਸ਼ਿਕਾਰੀ ਜਾਨਵਰ ਹੈ। ਰਾਤ ਦੇ ਹਨੇਰੇ ਵਿਚ ਇਹ ਚੂਹਿਆਂ ਦੀ ਖ਼ੂਬ ਖ਼ਬਰ ਲੈਂਦੀ ਹੈ। ਇਸ ਤਰ੍ਹਾਂ ਇਹ ਚੂਹਿਆਂ ਤੋਂ ਸਾਨੂੰ ਬਚਾਉਂਦੀ ਹੈ ਕਿਉਂਕਿ ਚੂਹੇ ਘਰ ਵਿਚ ਬਹੁਤ ਨੁਕਸਾਨ ਕਰਦੇ ਹਨ।

ਜੰਗਲੀ ਬਿੱਲੀ ਬਹੁਤ ਬਲਵਾਨ ਹੁੰਦੀ ਹੈ। ਸ਼ਹਿਰਾਂ ਵਿਚ ਇਹ ਨਹੀਂ ਵੇਖੀ ਜਾਂਦੀ। ਇਹ ਬਿਰਛਾਂ 'ਤੇ ਚੜ੍ਹ ਜਾਂਦੀ ਹੈ। ਪੰਛੀ ਇਸ ਨੂੰ ਦੇਖ ਕੇ ਉੱਡ ਜਾਂਦੇ ਹਨ।

ਬਿੱਲੀ ਦੇ ਬੱਚੇ ਨੂੰ ਬਲੂੰਗੜਾ ਕਹਿੰਦੇ ਹਨ। ਬਿੱਲੀਆਂ ਤੇ ਬਲੂੰਗੜੇ ਮਿਆਊਂ-ਮਿਆਊਂ ਕਰਦੇ ਹਨ।

Using the story provided below, identify 5 nouns and their type.

# ਪਿਆਰੇ ਦਾਦੀ ਜੀ



ਹਰਪ੍ਰੀਤ ਕੌਰ ਅੱਜ ਬਹੁਤ ਖੁਸ਼ ਸੀ। ਅੱਜ ਸ਼ੁੱਕਰਵਾਰ ਸੀ। ਅਗਲੇ ਦੋ ਦਿਨ ਛੁੱਟੀਆਂ ਸਨ। ਉਹ ਅੱਜ ਆਪਣੇ ਦਾਦੀ ਜੀ ਕੋਲ ਜਾ ਰਹੀ ਸੀ। ਉਸਦੇ ਦਾਦੀ ਜੀ ਪਿੰਡ ਵਿੱਚ ਰਹਿੰਦੇ ਸਨ। ਉਸਨੂੰ ਉੱਥੇ ਜਾਣਾ ਬਹੁਤ ਚੰਗਾ ਲੱਗਦਾ ਸੀ। "ਅੱਜ ਤੂੰ ਬਹੁਤ ਖੁਸ਼ ਲੱਗ ਰਹੀ ਹੈਂ ਕੋਈ ਖਾਸ ਗੱਲ ਹੈ?" ਹਰਪ੍ਰੀਤ ਕੌਰ ਦੀ ਸਹੇਲੀ ਦੀਪ ਕੌਰ ਨੇ ਪੁੱਛਿਆ। ਹਰਪ੍ਰੀਤ ਕੌਰ ਦੱਸਣ ਲੱਗੀ,"ਅੱਜ ਮੈਂ ਆਪਣੇ ਦਾਦੀ ਜੀ ਕੋਲ ਪਿੰਡ ਜਾ ਰਹੀ ਹਾਂ, ਦੋ ਦਿਨ ਰਹਿਣ ਲਈ। ਦਾਦੀ ਜੀ ਕੋਲ ਜਾਕੇ ਬਹੁਤ ਦਿਲ ਖੁਸ਼ ਹੁੰਦਾ ਹੈ।" ਪਿੰਡ ਵਿਚ ਬਹੁਤ ਸੁੰਦਰ ਹਰੇ ਭਰੇ ਖੇਤ ਅਤੇ ਕਈ ਕਿਸਮ ਦੇ ਪਸ਼ੂ ਪੰਛੀ ਹਨ। ਮੇਰੇ ਦਾਦੀ ਜੀ ਦੇ ਘਰ ਘੋੜੇ ਵੀ ਹਨ। ਮੈਨੂੰ ਘੋੜਸਵਾਰੀ ਕਰਨਾ ਬਹੁਤ ਪਸੰਦ ਹੈ। ਮੈਂ ਉੱਥੇ ਜਾ ਕੇ ਘੋੜਸਵਾਰੀ ਕਰਾਂਗੀ ਅਤੇ ਰਾਤ ਨੂੰ ਦਾਦੀ ਜੀ ਦੀਆਂ ਕਹਾਣੀਆਂ ਸੁਣਾਂਗੀ।

ਇਹ ਸੁਣ ਕੇ ਦੀਪ ਕੌਰ ਉੱਥੋਂ ਉੱਠ ਕੇ ਚਲੀ ਗਈ। ਹਰਪ੍ਰੀਤ ਕੌਰ ਨੇ ਆਪਣੀ ਹੋਰ ਸਹੇਲੀ ਨੂੰ ਪੁੱਛਿਆ,"ਦੀਪ ਕੌਰ ਨੂੰ ਕੀ ਹੋਇਆ?" ਉਸਨੇ ਦੱਸਿਆ ਕਿ ਦੀਪ ਕੌਰ ਦੇ ਦਾਦੀ ਜੀ ਪਿਛਲੇ ਸਾਲ ਚੜ੍ਹਾਈ ਕਰ ਗਏ ਸਨ। ਦੀਪ ਕੌਰ ਨੂੰ ਆਪਣੇ ਦਾਦੀ ਜੀ ਨਾਲ ਬਹੁਤ ਪਿਆਰ ਸੀ। ਸ਼ਾਇਦ ਇਸ ਲਈ ਉਹ ਉਦਾਸ ਹੋ ਗਈ। ਹਰਪ੍ਰੀਤ ਕੌਰ ਨੂੰ ਬਹੁਤ ਮਹਿਸੂਸ ਹੋਣ ਲੱਗਾ ਕਿ ਮੈਂ ਲਗਾਤਾਰ ਆਪਣੇ ਦਾਦੀ ਜੀ ਬਾਰੇ ਬੋਲੀ ਜਾ ਰਹੀ ਸੀ। ਦੀਪ ਕੌਰ ਨੂੰ ਕਿੰਨਾ ਬੁਰਾ ਲੱਗਿਆ ਹੋਵੇਗਾ।

ਹਰਪ੍ਰੀਤ, ਦੀਪ ਕੋਲ ਗਈ ਅਤੇ ਕਹਿਣ ਲੱਗੀ, "ਦੀਪ ਕੌਰ ਮੈਨੂੰ ਮੁਆਫ਼ ਕਰੀ ਮੈਨੂੰ ਨਹੀਂ ਸੀ ਪਤਾ ਤੇਰੇ ਦਾਦੀ ਜੀ ਨਹੀਂ ਰਹੇ। ਮੈਨੂੰ ਤੇਰੇ ਨਾਲ ਬਹੁਤ ਹਮਦਰਦੀ ਹੈ।" ਦੀਪ ਕੌਰ ਨੇ ਕਿਹਾ, "ਕੋਈ ਗੱਲ ਨਹੀਂ ਹਰਪ੍ਰੀਤ, ਇਸ ਵਿੱਚ ਤੇਰਾ ਕੋਈ ਕਸੂਰ ਨਹੀਂ, ਤੂੰ ਬਹੁਤ ਕਿਸਮਤ ਵਾਲੀ ਹੈਂ ਤੇਰੇ ਕੋਲ ਦਾਦੀ ਮਾਂ ਹੈ।" ਹਰਪ੍ਰੀਤ ਚਾਹੁੰਦੀ ਸੀ ਕਿ ਦੀਪ ਨੂੰ ਕਿਸੇ ਤਰੀਕੇ ਖੁਸ਼ ਕਰੇ। ਉਹ ਦੀਪ ਕੌਰ ਨੂੰ ਪੁੱਛਣ ਲੱਗੀ, "ਕੀ ਤੂੰ ਵੀ ਮੇਰੇ ਨਾਲ ਦਾਦੀ ਜੀ ਕੋਲ ਚੱਲੇਂਗੀ ? ਮੈਂ ਆਪਣੇ ਪਿਤਾ ਜੀ ਨਾਲ ਗੱਲ ਕਰ ਲਵਾਂਗੀ।" ਦੀਪ ਕੌਰ ਨੇ ਖੁਸ਼ ਹੋ ਕੇ ਹਾਂ ਕਰ ਦਿੱਤੀ।

ਛੁੱਟੀ ਵੇਲੇ ਜਦੋਂ ਹਰਪ੍ਰੀਤ ਕੌਰ ਦੇ ਪਿਤਾ ਜੀ ਉਸਨੂੰ ਲੈਣ ਆਏ ਤਾਂ ਹਰਪ੍ਰੀਤ ਨੇ ਦੀਪ ਕੌਰ ਨੂੰ ਦਾਦੀ ਜੀ ਕੋਲ ਨਾਲ ਲੈ ਜਾਣ ਬਾਰੇ ਗੱਲ ਕੀਤੀ। ਪਿਤਾ ਜੀ ਮੰਨ ਗਏ। ਉਹਨਾਂ ਨੇ ਦੀਪ ਕੌਰ ਦੇ ਮਾਤਾ-ਪਿਤਾ ਨਾਲ ਗੱਲ ਕੀਤੀ। ਦੀਪ ਕੌਰ ਦੇ ਮਾਤਾ-ਪਿਤਾ ਜੀ ਵੀ ਰਾਜ਼ੀ ਹੋ ਗਏ। ਦੋਵੇਂ ਸਹੇਲੀਆਂ ਚਾਂਈ-ਚਾਂਈ ਦਾਦੀ ਜੀ ਕੋਲ ਚਲੀਆਂ ਗਈਆਂ। ਇਸ ਤਰ੍ਹਾਂ ਹਰਪ੍ਰੀਤ ਕੌਰ ਨੇ ਆਪਣੇ ਖੁਸ਼ੀ ਦੇ ਨਾਲ-ਨਾਲ ਆਪਣੀ ਸਹੇਲੀ ਦੀ ਖੁਸ਼ੀ ਦਾ ਵੀ ਧਿਆਨ ਰੱਖਿਆ।

| | Noun | Type of Noun |
|---|---|---|
| 1. | | |
| 2. | | |
| 3. | | |
| 4. | | |
| 5. | | |

Using the ਪਿਆਰੇ ਦਾਦੀ ਜੀ story, make sentence using examples below .

| Word | Sentence |
|---|---|
| ਖੁਸ਼ | |
| ਘੋੜਸਵਾਰੀ | |
| ਸਹੇਲੀ | |
| ਮੁਆਫ | |
| ਬਾਰੇ | |

Students should be able to read a story, answer reading comprehensions questions, and make sentence with given words.

# ਏਕਤਾ ਵਿੱਚ ਸ਼ਕਤੀ



ਇੱਕ ਕਿਸਾਨ ਦੇ ਖੇਤਾਂ ਵਿੱਚ ਇੱਕ ਸੱਪ ਰਹਿੰਦਾ ਸੀ।ਉਹ ਪੰਛੀ, ਚੂਹੇ ਅਤੇ ਡੱਡੂਆਂ ਦਾ ਭੋਜਨ ਕਰਦਾ ਸੀ।ਉਹ ਰਾਤ ਨੂੰ ਸ਼ਿਕਾਰ ਲੱਭਦਾ ਅਤੇ ਦਿਨ ਵੇਲੇ ਸਾਰਾ ਸਮਾਂ ਅਰਾਮ ਕਰਨ ਵਿੱਚ ਗੁਜ਼ਾਰ ਦਿੰਦਾ ਸੀ, ਜਿਸ ਕਰਕੇ ਉਸਦਾ ਸ਼ਰੀਰ ਬਹੁਤ ਮੋਟਾ ਅਤੇ ਭਾਰਾ ਹੋ ਗਿਆ ਸੀ।ਹੁਣ ਉਸਦਾ ਆਪਣੀ ਖੁੱਡ ਵਿੱਚ ਵੜਨਾ ਮੁਸ਼ਕਿਲ ਹੋ ਗਿਆ ਸੀ।ਉਸਨੇ ਆਪਣੇ ਰਹਿਣ ਦਾ ਟਿਕਾਣਾ ਬਦਲਣ ਦਾ ਫੈਸਲਾ ਕੀਤਾ।

ਬਹੁਤ ਸਮਾਂ ਇੱਧਰ-ਉੱਧਰ ਲੱਭਣ ਮਗਰੋਂ ਉਸਨੂੰ ਇੱਕ ਬਹੁਤ ਵੱਡੇ ਤਣੇ ਵਾਲਾ ਦਰਖ਼ਤ ਮਿਲਿਆ ਜਿਸਨੂੰ ਉਸਨੇ ਆਪਣਾ ਘਰ ਬਨਾਉਣ ਦਾ ਫੈਸਲਾ ਕੀਤਾ।

ਉਸ ਦਰਖ਼ਤ ਦੇ ਪੈਰਾਂ ਵਿੱਚ ਕੀੜੀਆਂ ਦਾ ਬਹੁਤ ਵੱਡਾ ਘਰ ਸੀ।ਸੱਪ ਨੂੰ ਉਹ ਚੰਗਾ ਨਾ ਲੱਗਾ।ਸੱਪ ਨੂੰ ਆਪਣੇ ਬਲਵਾਨ ਅਤੇ ਤਾਕਤਵਰ ਹੋਣ ਦਾ ਬਹੁਤ ਹੰਕਾਰ ਸੀ। ਉਸਨੇ ਕੀੜੀਆਂ ਨੂੰ ਆਦੇਸ਼ ਦਿੱਤਾ, "ਤੁਸੀਂ ਇਹ ਥਾਂ ਛੱਡ ਕੇ ਚਲੇ ਜਾਓ।" ਉਸ ਦਰਖ਼ਤ ਉੱਤੇ ਰਹਿੰਦੇ ਬਾਕੀ ਸਾਰੇ ਪੰਛੀ ਅਤੇ ਨਿੱਕੇ ਜੀਵ ਉਸਤੋਂ ਡਰਦੇ ਪਹਿਲਾਂ ਹੀ ਉੱਥੋਂ ਚਲੇ ਗਏ ਸਨ।

ਪਰ ਕੀੜੀਆਂ ਸੱਪ ਤੋਂ ਨਹੀਂ ਡਰਦੀਆਂ ਸਨ।ਉਹਨਾਂ ਨੇ ਸੱਪ ਦੀ ਗੱਲ ਵੱਲ ਕੋਈ ਧਿਆਨ ਨਾ ਦਿੱਤਾ ਅਤੇ ਆਪਣੇ ਕੰਮ ਵਿੱਚ ਮਗਨ ਰਹੀਆਂ।ਸੱਪ ਨੂੰ ਇਹ ਵੇਖ ਕੇ ਬਹੁਤ ਗੁੱਸਾ ਆਇਆ।ਕੀੜੀਆਂ ਨੂੰ ਸਬਕ ਸਿਖਾਉਣ ਲਈ ਉਹ ਉਹਨਾਂ ਦਾ ਘਰ ਢਾਹੁਣ ਦੀ ਕੋਸ਼ਿਸ਼ ਕਰਨ ਲੱਗਾ।ਆਪਣਾ ਘਰ ਢਹਿੰਦਾ ਵੇਖ ਕੇ ਕੀੜੀਆਂ ਨੇ ਇਕੱਠੀਆਂ ਹੋ ਕੇ ਸੱਪ ਉੱਤੇ ਹਮਲਾ ਕਰ ਦਿੱਤਾ।

ਹਜ਼ਾਰਾਂ ਕੀੜੀਆਂ ਸੱਪ ਦੇ ਸ਼ਰੀਰ ਉੱਤੇ ਚੜ੍ਹ ਗਈਆਂ ਅਤੇ ਉਸਨੂੰ ਕੱਟਣ ਲੱਗੀਆਂ। ਇੰਨੀਆਂ ਸਾਰੀਆਂ ਕੀੜੀਆਂ ਦੇ ਕੱਟਣ ਦੀ ਦਰਦ ਸੱਪ ਤੋਂ ਸਹਾਰੀ ਨਾ ਗਈ ਅਤੇ ਉਹ ਦਮ ਤੋੜ ਗਿਆ।ਇਸ ਤਰ੍ਹਾਂ ਕੀੜੀਆਂ ਨੇ ਆਪਣੀ ਏਕਤਾ ਨਾਲ ਇੰਨੇ ਬਲਵਾਨ ਸੱਪ ਦਾ ਖਾਤਮਾ ਕਰ ਦਿੱਤਾ।

# ਚੂਹੇ ਅਤੇ ਹਾਥੀ

ਕਿਸੇ ਜੰਗਲ ਵਿੱਚ ਇੱਕ ਟਾਹਲੀ ਦੇ ਦਰਖ਼ਤ ਹੇਠਾਂ ਬਹੁਤ ਸਾਰੇ ਚੂਹੇ ਰਹਿੰਦੇ ਸਨ।ਜੰਗਲ ਵਿੱਚ ਮੀਂਹ ਨਾ ਪੈਣ ਕਰਕੇ ਪਾਣੀ ਦੀ ਬਹੁਤ ਕਮੀ ਹੋ ਗਈ ਸੀ।ਕੇਵਲ ਜੰਗਲ ਦੇ ਨਾਲ ਲਗਦੇ ਤਲਾਬ ਵਿੱਚ ਹੀ ਪਾਣੀ ਬਚਿਆ ਸੀ।ਹਾਥੀਆਂ ਦਾ ਇੱਕ ਝੁੰਡ ਪਿਆਸ ਬੁਝਾਉਣ ਲਈ ਤਲਾਬ ਵੱਲ ਜਾ ਰਿਹਾ ਸੀ ਜਦੋਂ ਸਾਰੇ ਹਾਥੀ ਚੂਹਿਆਂ ਦੇ ਇਲਾਕੇ ਵਿੱਚੋਂ ਗੁਜ਼ਰੇ ਤਾਂ ਕਈ ਚੂਹਿਆਂ ਦੇ ਘਰ ਹਾਥੀਆਂ ਦੇ ਪੈਰਾਂ ਹੇਠਾਂ ਆ ਗਏ ਅਤੇ ਚੂਹਿਆਂ ਦਾ ਬਹੁਤ ਨੁਕਸਾਨ ਹੋਇਆ।



ਇਹ ਸਿਲਸਿਲਾ ਕੁਝ ਦਿਨ ਚੱਲਦਾ ਰਿਹਾ।ਆਖਿਰ ਚੂਹਿਆਂ ਨੇ ਇੱਕ ਮਤਾ ਪਕਾਇਆ ਕਿ ਹਾਥੀਆਂ ਦੇ ਸਰਦਾਰ ਨਾਲ ਗੱਲ ਕੀਤੀ ਜਾਵੇ।ਚੂਹਿਆਂ ਦਾ ਸਰਦਾਰ ਹਾਥੀਆਂ ਦੇ ਸਰਦਾਰ ਕੋਲ ਗਿਆ ਅਤੇ ਉਸਨੇ ਹਾਥੀਆਂ ਦੇ ਸਰਦਾਰ ਨੂੰ ਪੂਰੀ ਗੱਲ ਦੱਸੀ ਤੇ ਕਿਹਾ; “ਤੁਹਾਡੇ ਪੈਰਾਂ ਹੇਠਾਂ ਆ ਕੇ ਸਾਡੇ ਕਈ ਘਰ ਤਬਾਹ ਹੋ ਗਏ ਨੇ ਅਤੇ ਕਈ ਚੂਹੇ ਕੁਚਲੇ ਜਾ ਚੁੱਕੇ ਹਨ।ਕਿਰਪਾ ਕਰਕੇ ਤੁਸੀਂ ਤਲਾਬ ਵੱਲ ਜਾਣ ਦਾ ਰਸਤਾ ਬਦਲ ਲਵੋ, ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ।ਲੋੜ ਪੈਣ ਉੱਤੇ ਅਸੀਂ ਤੁਹਾਡੀ ਮਦਦ ਕਰਨ ਦਾ ਵੀ ਵਾਅਦਾ ਕਰਦੇ ਹਾਂ। ” ਹਾਥੀਆਂ ਨੇ ਚੂਹਿਆਂ ਦੀ ਬੇਨਤੀ ਸਵੀਕਾਰ ਕਰ ਲਈ।

ਕਈ ਮਹੀਨੇ ਗੁਜ਼ਰ ਗਏ।ਹੁਣ ਚੂਹੇ ਬਿਨਾਂ ਕਿਸੇ ਡਰ ਤੋਂ ਆਪਣੇ ਆਪਣੇ ਘਰਾਂ ਵਿੱਚ ਖੁਸ਼ ਸਨ।ਇੱਕ ਦਿਨ ਜੰਗਲ ਵਿਚ ਸ਼ਿਕਾਰੀਆਂ ਨੇ ਕੁਝ ਹਾਥੀਆਂ ਨੂੰ ਆਪਣੇ ਜਾਲ ਵਿੱਚ ਫਸਾ ਲਿਆ।ਕਈ ਹਾਥੀਆਂ ਨੇ ਫਸੇ ਹੋਏ ਆਪਣੇ ਸਾਥੀਆਂ ਦੀ ਮਦਦ ਕਰਨ ਦੀ ਕੋਸ਼ਿਸ਼ ਕੀਤੀ।ਪਰ ਸਭ ਯਤਨ ਬੇਕਾਰ ਨਿਕਲੇ।ਅਚਾਨਕ ਹਾਥੀਆਂ ਦੇ ਸਰਦਾਰ ਨੂੰ ਚੂਹਿਆਂ ਦਾ ਕੀਤਾ ਵਾਅਦਾ ਯਾਦ ਆਇਆ।ਉਸ ਨੇ ਇੱਕ ਹਾਥੀ ਨੂੰ ਚੂਹਿਆਂ ਕੋਲ ਜਾਕੇ ਮਦਦ ਮੰਗਣ ਲਈ ਕਿਹਾ।ਹਾਥੀ ਨੇ ਚੂਹਿਆਂ ਅੱਗੇ ਹਾਥੀਆਂ ਨੂੰ ਬਚਾਉਣ ਦੀ ਬੇਨਤੀ ਕੀਤੀ।ਚੂਹਿਆਂ ਦੇ ਸਰਦਾਰ ਨੇ ਬੇਨਤੀ ਮੰਨ ਲਈ ਅਤੇ ਫਸੇ ਹੋਏ ਹਾਥੀਆਂ ਕੋਲ ਪਹੁੰਚ ਗਏ।ਉਹਨਾਂ ਨੇ ਬਿਨਾਂ ਸਮਾਂ ਬਰਬਾਦ ਕੀਤੇ ਜਾਲ ਨੂੰ ਕੱਟਣਾ ਸ਼ੁਰੂ ਕਰ ਦਿੱਤਾ।

ਕੁਝ ਸਮੇਂ ਦੀ ਮਿਹਨਤ ਤੋਂ ਬਾਅਦ ਹੀ ਸਾਰੇ ਹਾਥੀ ਜਾਲ ਵਿੱਚੋਂ ਅਜ਼ਾਦ ਹੋ ਗਏ।ਹਾਥੀਆਂ ਨੇ ਚੂਹਿਆਂ ਦਾ ਧੰਨਵਾਦ ਕੀਤਾ।ਇਸ ਤਰਾਂ ਚੰਗਿਆਈ ਕਰਨ ਵਾਲੇ ਨਾਲ ਸਦਾ ਚੰਗਾ ਹੀ ਹੁੰਦਾ ਹੈ।

The sentences below are written incorrectly. Correct the sentence and rewrite correctly.

Use examples below .

1. ਮੇਰੀ ਨਾਮ ਬਿੱਲਾ ਹੈ ।

2. ਉਹ ਰੋਟੀ ਖਾਂ ਜਾਂਦਾ ਹਨ ।

3. ਮੈਂ ਬਹੁਤ ਖੁਸ਼ੀ ਹਨ ।

4. ਮੁੰਡੀ ਖੇਡ ਰਹੇ ਹਾ ।

5. ਮੇਰਾ ਮਾਮਾ ਲਿਖਦੀ ਹਨ ।

6. ਉਸ ਦੀ ਪਰਿਵਾਰ ਵੱਡਾ ਹਾਂ ।

7. ਉਸ ਦੀ ਪਾਣੀ ਪੀਤਾ ਹਨ ।

8. ਮੇਰੀ ਹੱਥ ਗਰਮ ਹਨ ।

9. ਤੁਹਾਡਾ ਕੀ  ਹੈ ਹਰਪ੍ਰੀਤ ਲਗਦਾ?

10. ਮੇਰੀ ਪੀਜ਼ਾ ਖਾਣ ਨੂੰ ਦਿਲਾ ਕਰਦਾ ਹੈ।

11. ਵੇਲੇ ਤੁਸੀਂ ਉਸ ਕਿੱਥੇ ਸੀ ?

12. ਸੜਕ ਤੇ ਕਈ ਲੋਕਾ ਜਾ ਰਹੇ ਹਾਂ ।

13. ਨਵਜੋਤ ਦਾ ਪਾਠ ਯਾਦ ਕੀਤ ।

14. ਬੱਚਾ ਦੁੱਧ ਪੀਂਦੇ ਗਾਂ ।

15. ਮੁੰਡਾ ਪੜ੍ਹ ਰਹੇ ਹਨ ।

16. ਹਰਮਨ ਲਿਖੀ ਰਿਹਾ ਹੈ ।

17. ਮਨਜੋਤ ਪਤਲੀ ਮੁੰਡੀ ਹਾਂ।

18. ਅਸੀਂ ਤਿੰਨ ਗੈਲਨ ਲਿਆ ਦੁੱਧ ।

19. ਮੈਂ ਉਸੀ ਤੋਂ ਵੱਡੀ ਹੈ ।

20. ਚਿੜੀ ਉੱਡਦ ਹੈ ।

21. ਢੋਲਾ ਮੇਲ ਵਿਚ ਵੱਜਦਾ ਹੈ ।

22. ਚਿੜੀ ਅਸਮਾਨੀ ਵਿਚ ਉੱਡਦੀ ਹੈ ।

23. ਮੋਰ ਪੈਲਾਂ ਪਾਉਂਦੀ ਹਨ ।

24. ਹੱਸ ਪਏ , ਇਹ ਵੇਖ ਕੇ , ਗੁਰੁ ਜੀ ।

25. ਮੰਨੀ , ਆਪਣੀ , ਉਸਨੇ , ਭੁੱਲ ।

26. ਉਹ ਨੇ ਗਾਣਾ ਗਾਇਆ ਸੀ।

27. ਲਖਵੀਰ ਘਰ ਦਾ ਸਫ਼ਾਈ ਕਰ ਰਹਾ ਹੈ ।

28. ਮੇਰਾ ਵੱਡਿਆਂ ਦਾ ਇੱਜਤ ਕਰਦਾ ਹਾਂ ।

29. ਕਿਸਾਨ ਖੇਤੀ ਵਿੱਚ ਹਲ ਚਲਾਉਣਗੇ ।

30. ਅਸੀਂ ਆਪਣੀ ਕੰਮ ਮੁਕਾਵਾਂਗੇ ।

Must know how to translate any given words or sentences into PUNJABI. (In exam words will be different )

| |
|---|
| Black Cats------ |
| Fifteen yellow ropes, |
| White Fans ------ |
| Twenty white ducks…… |
| Ten Brown Horses ------ |
| Ninety nine blue birds |
| Beautiful Girls ------ |
| Nice Child ------ |
| Eleven Boys ------ |

In exam sentences will be different

| |
|---|
| 1. Boys are playing soccer. |
| |
| 2. The black cat is sleeping. |
| |
| 3. Boy was reading a book. |
| |
| 4. The king is a riding horse . |
| |
| 5. Grandma ( your mom's mom ) is making roti . |
| |
| 6.Green duck is flying . |
| |
| 7. My dog was sick . |
| |
| 8.I am singing a shabad. |
| |
| 9. She is my Aunt ( Mom's sister). |
| |
| 10.He is her Uncle ( Dad’s older brother ). |